# ਹਲ਼ਕਾਅ
# Rabies

## ਹਲ਼ਕਾਅ ਕੀ ਹੈ?

ਰੇਬੀਜ਼ ਇੱਕ ਗੰਭੀਰ ਅਤੇ ਜਾਨ ਲੇਵਾ ਬਿਮਾਰੀ ਹੈ ਜੋ ਰੇਬੀਜ਼ ਦੇ ਕਈ ਵਾਇਰਸਜ਼ 'ਚੋਂ ਕਿਸੇ ਇੱਕ ਨਾਲ ਹੋ ਸਕਦੀ ਹੈ। ਇਹ ਵਾਇਰਸ ਜਾਨਵਰ ਦੇ ਦਿਮਾਗ਼ ਅਤੇ ਨਾੜੀ ਪ੍ਰਬੰਧ ਨੂੰ ਇਨਫ਼ੈਕਸ਼ਨ ਕਰਦੀ ਹੈ ਅਤੇ ਮਨੁੱਖਾਂ ਲਈ ਇਹ ਜਾਨ ਲੇਵਾ ਹੈ, ਜੇ ਕਰ ਬਿਮਾਰੀ ਦੇ ਸੰਪਰਕ ਤੋਂ ਇੱਕ ਦਮ ਬਾਅਦ ਵੈਕਸੀਨ ਦੇ ਟੀਕੇ ਲਗਾ ਕੇ ਇਸ ਨੂੰ ਰੋਕਿਆ ਨਾ ਜਾਵੇ।

ਇਸ ਦੀਆਂ ਅਲਾਮਤਾਂ ਵਿਚ ਸਿਰ ਦਰਦ, ਬੁਖ਼ਾਰ, ਖਾਣ ਪੀਣ ਵਿਚ ਜ਼ਿਆਦਾ ਤਕਲੀਫ਼, ਮੂੰਹ ਵਿਚੋਂ ਰਾਲ਼ਾਂ ਵਗਣੀਆਂ, ਪੱਠਿਆਂ ਵਿਚ ਕੜਵੱਲ ਪੈਣੇ ਜਾਂ ਕਮਜ਼ੋਰੀ ਅਤੇ ਅਜੀਬ ਤਰ੍ਹਾਂ ਦਾ ਵਰਤਾਓ ਸ਼ਾਮਲ ਹਨ। ਰੇਬੀਜ਼ ਦੀ ਬਿਮਾਰੀ ਵਾਲੇ ਜ਼ਿਆਦਾਤਰ ਲੋਕ ਮਰ ਜਾਂਦੇ ਹਨ।

ਇਸ ਵਾਇਰਸ ਨਾਲ ਕੋਈ ਵੀ ਜਾਨਵਰ ਇਨਫ਼ੈਕਟਿਡ ਹੋ ਸਕਦਾ ਹੈ। ਪਰ ਬੀ.ਸੀ. ਵਿਚ ਸਿਰਫ਼ ਚਮਗਿੱਦੜਾਂ ਵਿਚ ਹੀ ਰੇਬੀਜ਼ ਵਾਇਰਸ ਹੁੰਦਾ ਹੈ ਅਤੇ ਬਾਕੀ ਜਾਨਵਰ ਬਹੁਤ ਵਿਰਲੇ ਇਨਫ਼ੈਕਟਿਡ ਹੁੰਦੇ ਹਨ। ਕੈਨੇਡਾ ਅਤੇ ਉੱਤਰੀ ਅਮਰੀਕਾ ਦੇ ਦੂਜੇ ਹਿੱਸਿਆਂ ਵਿਚ ਰਕੂਨ, ਸਕੰਕ, ਲੂੰਬੜ ਅਤੇ ਕਿਓਟੀਆਂ ਵਿਚ ਵੀ ਇਹ ਵਾਇਰਸ ਹੋ ਸਕਦਾ ਹੈ। ਕੌਮਾਂਤਰੀ ਪੱਧਰ ਤੇ, ਅਵਾਰਾ ਕੁੱਤਿਆਂ ਵਿਚ ਆਮ ਤੌਰ ਤੇ ਰੇਬੀਜ਼ ਵਾਰਿਸ ਹੁੰਦਾ ਹੈ।

## ਜਾਨਵਰਾਂ ਵਿਚ ਹਲ਼ਕਾਅ ਦੇ ਕੀ ਲੱਛਣ ਹਨ?

ਹਲ਼ਕਾਅ ਵਾਲੇ ਜਾਨਵਰ ਬੜੀਆਂ ਅਜੀਬ ਹਰਕਤਾਂ ਕਰਦੇ ਹਨ। ਰੇਬੀਜ਼ ਵਾਲੇ ਜਾਨਵਰਾਂ ਵਿਚ ਦੋ ਕਿਸਮ ਦਾ ਵਿਵਹਾਰ ਦੇਖਿਆ ਗਿਆ ਹੈ 'ਬਹੁਤ ਗੁੱਸੇ ਵਾਲਾ' ਅਤੇ 'ਗੁੰਮ ਸੁੰਮ'। ਗੁੱਸੇ ਵਾਲੇ ਸੁਭਾਅ ਵਾਲੇ ਜਾਨਵਰ ਹਮਲਾ ਕਰਦੇ ਹਨ ਜਦ ਕਿ ਗੁੰਮ ਸੁੰਮ ਹੋਏ ਜੰਤੂ ਬਿਮਾਰ ਅਤੇ ਸੁਸਤ ਜਿਹੇ ਹੋ ਜਾਂਦੇ ਹਨ।

ਲਕਵਾ ਖਾਸਕਰ ਪਿਛਲੇ ਪਾਸੇ ਦੀਆਂ ਲੱਤਾਂ ਦਾ ਅਤੇ ਗਲੇ ਦੇ ਪੱਠਿਆਂ ਦਾ, ਜਾਨਵਰ ਵਿਚ ਰੇਬੀਜ਼ ਦੀਆਂ ਨਿਸ਼ਾਨੀਆਂ ਵਿਚ ਸ਼ਾਮਲ ਹਨ।

ਚਮਗਿੱਦੜ ਆਮ ਤੌਰ ਤੇ ਰਾਤੀਂ ਹੀ ਦਿਸਦੇ ਹਨ। ਇਨਫ਼ੈਕਟਿਡ ਚਮਗਿੱਦੜ ਦਿਨੇ ਵੀ ਨਜ਼ਰ ਆ ਸਕਦੇ ਹਨ। ਰੇਬੀਜ਼ ਵਾਲੇ ਚਮਗਿੱਦੜ ਕਮਜ਼ੋਰ ਦਿਸਦੇ ਹਨ ਅਤੇ ਉਨ੍ਹਾਂ ਦੀ ਉੱਡਣ ਸ਼ਕਤੀ ਵੀ ਘੱਟ ਜਾਂਦੀ ਹੈ।

## ਜੇ ਮੈਂ ਰੇਬੀਜ਼ ਦੇ ਸੰਪਰਕ ਵਿਚ ਆ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਕਿਸੇ ਐਸੇ ਜਾਨਵਰ ਨੇ ਕੱਟਿਆ ਹੈ ਜਾਂ ਖਰੋਚਿਆ ਹੈ ਜਿਸ ਨੂੰ ਹਲ਼ਕਾਅ ਹੋਵੇ ਜਾਂ ਬਿਮਾਰ ਨਜ਼ਰ ਆਉਂਦਾ ਹੋਵੇ ਅਤੇ ਅਜੀਬ ਹਰਕਤਾਂ ਕਰਦਾ ਹੋਵੇ ਤਾਂ ਤੁਸੀਂ:

1. ਜ਼ਖਮ ਨੂੰ ਸਾਬਣ ਅਤੇ ਸਾਧਾਰਨ ਪ੍ਰੈੱਸ਼ਰ ਵਾਲੇ ਗਰਮ ਪਾਣੀ ਨਾਲ 5 ਮਿੰਟਾਂ ਲਈ ਧੋ ਕੇ ਫਿਰ ਚੰਗੀ ਤਰ੍ਹਾਂ ਪਾਣੀ ਨਾਲ ਸਾਫ਼ ਕਰੋ। ਇਸ ਤਰ੍ਹਾਂ ਇਨਫ਼ੈਕਸ਼ਨ ਦੀ ਸੰਭਾਵਨਾ ਕਾਫ਼ੀ ਘੱਟ ਜਾਂਦੀ ਹੈ।
2. ਆਪਣੇ ਡਾਕਟਰ ਜਾਂ ਲੋਕਲ ਹੈੱਲਥ ਯੂਨਿਟ ਤੋਂ ਜਲਦੀ ਹੀ ਡਾਕਟਰੀ ਦੇਖ ਭਾਲ ਦੀ ਮੰਗ ਕਰੋ।

ਹਲ਼ਕਾਅ ਰੋਗ ਦੀ ਰੋਕ ਥਾਮ ਲਈ ਜਿੰਨੀ ਜਲਦੀ ਹੋ ਸਕੇ ਇਲਾਜ ਸ਼ੁਰੂ ਕਰ ਦੇਣਾ ਬਹੁਤ ਹੀ ਜ਼ਰੂਰੀ ਹੈ। ਹਲ਼ਕਾਅ ਦੇ ਲੱਛਣ ਸ਼ੁਰੂ ਹੋਣ ਨੂੰ 3 ਤੋਂ 8 ਹਫ਼ਤੇ ਲੱਗ ਜਾਂਦੇ ਹਨ। ਜੇ ਲੱਛਣ ਸ਼ੁਰੂ ਹੋਣ ਤੱਕ ਤੁਸੀਂ ਇੰਤਜ਼ਾਰ ਕਰਦੇ ਰਹੋਗੇ ਤਾਂ ਸ਼ਾਇਦ ਇਹ ਅਸਰਦਾਰ ਇਲਾਜ ਸ਼ੁਰੂ ਕਰਨ ਲਈ ਬਹੁਤ ਲੇਟ ਹੋਵੇਗਾ। ਜੇਕਰ ਕੋਈ ਵੀ ਸੰਭਾਵਨਾ ਹੈ ਕਿ ਤੁਹਾਨੂੰ ਰੇਬੀਜ਼ ਨਾਲ ਸੰਪਰਕ ਹੋਇਆ ਹੈ ਤਾਂ ਲੋਕਲ ਹੈੱਲਥ ਯੂਨਿਟ ਜਾਂ ਆਪਣੇ ਡਾਕਟਰ ਨੂੰ ਮਿਲੋ। ਉਹ ਹੀ ਇਹ ਫ਼ੈਸਲਾ ਕਰ ਸਕਣਗੇ ਕਿ ਤੁਹਾਨੂੰ ਹਲ਼ਕਾਅ ਦੇ ਰੋਕ ਥਾਮ ਲਈ ਇਲਾਜ ਦੀ ਲੋੜ ਹੈ ਕਿ ਨਹੀਂ।

## ਰੇਬੀਜ਼ ਦੇ ਨਾਲ ਸੰਪਰਕ ਦਾ ਕੀ ਇਲਾਜ ਹੈ?

**ਰੋਗ ਰੋਕੂ ਇਲਾਜ ਤਾਂ ਹੀ ਫ਼ਾਇਦੇਮੰਦ ਹੈ ਜੇ ਅਲਾਮਤਾਂ ਦਿਸਣ ਤੋਂ ਪਹਿਲਾਂ ਸ਼ੁਰੂ ਕੀਤਾ ਜਾਵੇ।** ਰੇਬੀਜ਼ ਇਮਿਊਨ ਗਲੋਬਿਊਲਿਨ ਅਤੇ ਰੇਬੀਜ਼ ਦੇ ਲੋਦੇ ਇਸ ਦੇ ਇਲਾਜ ਵਿਚ ਸ਼ਾਮਲ ਹਨ।

**ਰੇਬੀਜ਼ ਇਮਿਊਨ ਗਲੋਬਿਊਲਿਨ:**

- ਰੇਬੀਜ਼ ਇਮਿਊਨ ਗਲੋਬਿਊਲਿਨ (RabIg) - ਇਹ ਦਾਨ ਕੀਤੇ ਮਨੁੱਖੀ ਖ਼ੂਨ ਵਿਚੋਂ ਲਈਆਂ ਗਈਆਂ ਐਂਟੀਬਾਡੀਜ਼ ਹਨ। ਇਹ ਆਮ ਤੌਰ ਤੇ ਰੇਬੀਜ਼ ਵੈਕਸੀਨ ਦੀ ਪਹਿਲੀ ਖ਼ੁਰਾਕ ਦੇ ਨਾਲ ਇੱਕ ਵਾਰ ਦਿੱਤਾ ਜਾਂਦਾ ਹੈ। ਸਰੀਰ ਦੇ ਜਿਹੜੇ ਹਿੱਸੇ ਤੇ ਕੱਟਿਆ ਗਿਆ ਜਾਂ ਝਰੀਟ ਲੱਗੀ ਹੁੰਦੀ ਹੈ ਉੱਥੇ ਸੂਈ ਨਾਲ RabIg ਦਾ ਟੀਕਾ ਵੈਕਸੀਨ ਵਾਲੀ ਥਾਂ ਤੋਂ ਵੱਖਰੀ ਥਾਂ ਤੇ ਦਿੱਤਾ ਜਾਂਦਾ ਹੈ।

**ਰੇਬੀਜ਼ ਦਾ ਵੈਕਸੀਨ:**

- ਜੇ ਕਰ ਤੁਸੀਂ ਰੇਬੀਜ਼ ਦਾ ਵੈਕਸੀਨ ਪਹਿਲਾਂ ਨਹੀਂ ਲਗਵਾਇਆ ਹੋਇਆ ਤਾਂ ਤੁਹਾਨੂੰ 4 ਖ਼ੁਰਾਕਾਂ ਜਾਂ ਟੀਕੇ ਬਾਂਹ ਦੇ ਉੱਪਰਲੇ ਹਿੱਸੇ ਵਿਚ ਲਗਾਏ ਜਾਣਗੇ। ਜੇ ਤੁਹਾਡੀ ਇਮਿਊਨ ਪ੍ਰਣਾਲੀ ਕਮਜ਼ੋਰ ਹੈ ਤਾਂ ਤੁਹਾਨੂੰ 5 ਖ਼ੁਰਾਕਾਂ ਮਿਲਣਗੀਆਂ। ਇਹ ਵੈਕਸੀਨ ਤੁਹਾਡੀ ਇਮਿਊਨ ਪ੍ਰਣਾਲੀ ਵਿਚ ਰੇਬੀਜ਼ ਵਾਇਰਸ ਵਿਰੁੱਧ ਐਂਟੀਬਾਡੀਜ਼ ਪੈਦਾ ਕਰਦਾ ਹੈ। ਐਂਟੀਬਾਡੀਜ਼ ਉਹ ਪ੍ਰੋਟੀਨ ਹਨ ਜੋ ਇਨਫ਼ੈਕਸ਼ਨ ਨਾਲ ਲੜਨ ਵਿਚ ਮਦਦ ਕਰਦੀਆਂ ਹਨ।
- ਜੇਕਰ ਤੁਹਾਨੂੰ ਪਹਿਲਾਂ ਕਦੇ ਰੇਬੀਜ਼ ਵੈਕਸੀਨ ਦੀਆਂ ਪੂਰੀਆਂ ਖ਼ੁਰਾਕਾਂ ਮਿਲੀਆਂ ਹੋਈਆਂ ਹਨ ਤਾਂ ਤੁਹਾਨੂੰ ਰੇਬੀਜ਼ ਵੈਕਸੀਨ ਦੇ 2 ਟੀਕੇ ਲਗਾਏ ਜਾਣਗੇ। ਇਹ ਐਂਟੀਬਾਡੀਜ਼ ਨੂੰ ਰੇਬੀਜ਼ ਵਿਰੁੱਧ ਤਕੜਿਆਂ ਕਰਨਗੇ।

## ਇਲਾਜ ਤੋਂ ਬਾਅਦ ਸੰਭਵ ਰਿਐਕਸ਼ਨ

ਜਿੱਥੇ ਟੀਕਾ ਲੱਗਿਆ ਹੈ ਉਸ ਥਾਂ ਦਾ ਦੁਖਣਾ ਜਾਂ ਆਕੜ ਜਾਣਾ ਰੇਬੀਜ਼ ਇਮਿਊਨ ਗਲੋਬਿਊਲਿਨ ਦੇ ਆਮ ਰਿਐਕਸ਼ਨਜ਼ ਵਿਚ ਸ਼ਾਮਲ ਹੈ। ਬੁਖ਼ਾਰ, ਸਿਰ ਦਰਦ, ਠੀਕ ਮਹਿਸੂਸ ਨਾ ਕਰਨਾ, ਰੈਸ਼ ਜਾਂ ਕੰਬਣੀਆਂ ਵੀ ਆ ਸਕਦੀਆਂ ਹਨ।

ਰੇਬੀਜ਼ ਵੈਕਸੀਨ ਦੇ ਆਮ ਰਿਐਕਸ਼ਨਜ਼ ਵਿਚ ਟੀਕੇ ਵਾਲੀ ਜਗ੍ਹਾ ਦਾ ਦੁਖਣਾ, ਲਾਲ ਹੋਣਾ, ਸੁੱਜਣਾ ਅਤੇ ਖ਼ਾਰਸ਼ ਸ਼ਾਮਲ ਹੋ ਸਕਦੇ ਹਨ। ਬੁਖ਼ਾਰ, ਦਿਲ ਕੱਚਾ ਹੋਣਾ, ਸਿਰ ਦਰਦ, ਪੱਠਿਆਂ ਵਿਚ ਦਰਦ, ਥਕਾਵਟ ਅਤੇ ਚੱਕਰ ਵੀ ਆ ਸਕਦੇ ਹਨ।

**ਗੰਭੀਰ ਜਾਂ ਅਚਨਚੇਤ ਰਿਐਕਸ਼ਨਜ਼ ਦੀ ਰਿਪੋਰਟ ਆਪਣੇ ਪਬਲਿਕ ਹੈੱਲਥ ਨਰਸ ਜਾਂ ਡਾਕਟਰ ਨੂੰ ਕਰੋ।**

## ਕਿਸ ਨੂੰ ਰੇਬੀਜ਼ ਇਮਿਊਨ ਗਲੋਬਿਊਲਿਨ ਅਤੇ ਰੇਬੀਜ਼ ਦਾ ਵੈਕਸੀਨ ਨਹੀਂ ਲੈਣਾ ਚਾਹੀਦਾ?

ਜੋ ਵੀ ਰੇਬੀਜ਼ ਵਾਇਰਸ ਦੇ ਸੰਪਰਕ ਵਿਚ ਆਇਆ ਹੈ ਉਸ ਨੂੰ ਰੇਬੀਜ਼ ਵੈਕਸੀਨ ਅਤੇ ਇਮਿਊਨ ਗਲੋਬਿਊਲਿਨ ਦਿੱਤਾ ਜਾਵੇਗਾ। ਜੇ ਤੁਹਾਨੂੰ ਅੰਡਿਆਂ ਜਾਂ ਅੰਡਿਆਂ ਵਾਲੀ ਕਿਸੇ ਚੀਜ਼ ਤੋਂ ਜਾਨ ਦੇ ਖ਼ਤਰੇ ਵਾਲਾ ਰਿਐਕਸ਼ਨ ਹੋਇਆ ਹੈ ਤਾਂ ਆਪਣੇ ਡਾਕਟਰ ਜਾਂ ਪਬਲਿਕ ਹੈੱਲਥ ਨਰਸ ਨੂੰ ਦੱਸੋ।

## ਰੇਬੀਜ਼ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?

- ਆਪਣੀ ਬਿੱਲੀ, ਕੁੱਤੇ ਜਾਂ ਫ਼ੈਰਟ ਨੂੰ ਰੇਬੀਜ਼ ਵਿਰੁੱਧ ਵੈਕਸੀਨ ਲਗਵਾਓ ਅਤੇ ਇਮਿਊਨਾਈਜ਼ੇਸ਼ਨ ਸਮੇਂ ਸਿਰ ਕਰਵਾਉਂਦੇ ਰਹੋ।
- ਜੇ ਤੁਹਾਡੇ ਪਾਲਤੂ ਜਾਨਵਰ ਦਾ ਚਮਗਿੱਦੜ ਨਾਲ ਸੰਪਰਕ ਹੋਇਆ ਹੈ ਤਾਂ ਆਪਣੀ ਪਬਲਿਕ ਹੈੱਲਥ ਯੂਨਿਟ ਅਤੇ ਜਾਨਵਰਾਂ ਦੇ ਡਾਕਟਰ ਦੀ ਸਲਾਹ ਲਵੋ।
- ਜੇ ਤੁਹਾਨੂੰ ਮਰਿਆ ਹੋਇਆ ਚਮਗਿੱਦੜ ਮਿਲੇ ਤਾਂ ਉਸ ਨੂੰ ਨਾ ਛੂਹੋ। ਰੇਬੀਜ਼ ਵਾਇਰਸ ਫਟੀ ਹੋਈ ਚਮੜੀ ਵਿਚੋਂ ਦਾਖ਼ਲ ਹੋ ਸਕਦਾ ਹੈ।
- ਜੇ ਤੁਹਾਡਾ ਸਰੀਰਕ ਸੰਪਰਕ ਜ਼ਿੰਦਾ ਚਮਗਿੱਦੜ ਨਾਲ ਹੋਇਆ ਹੈ ਜੋ ਫੜਿਆ ਜਾ ਸਕਦਾ ਹੈ ਤਾਂ ਤੁਸੀਂ ਹੇਠ ਲਿਖੇ ਅਨੁਸਾਰ ਕਰ ਸਕਦੇ ਹੋ:
  1. ਜੰਗਲੀ ਜੰਤੂਆਂ ਦੇ ਮਾਹਿਰ ਜਾਂ ਪੈਸਟ ਕੰਟਰੋਲ ਕੰਪਨੀ ਨੂੰ ਸੰਪਰਕ ਕਰੋ ਜੋ ਇਸ ਨੂੰ ਪਕੜਨ ਲਈ ਪ੍ਰਬੰਧ ਕਰਨ, ਤੁਹਾਡੀ ਮਦਦ ਲਈ ਲੋਕਲ ਪਬਲਿਕ ਹੈੱਲਥ ਯੂਨਿਟ ਕਿਸੇ ਦੀ ਦੱਸ ਪਾ ਸਕਦੀ ਹੈ।
  2. ਜੇ ਚਮਗਿੱਦੜ ਨੂੰ ਪਕੜਨ ਵਾਲਾ ਕੋਈ ਨਾ ਮਿਲੇ ਤਾਂ ਇਸ ਨੂੰ ਛੂਹਣ ਤੋਂ ਬਗੈਰ ਪਕੜੋ ਤਾਂ ਕਿ ਇਸ ਦਾ ਰੇਬੀਜ਼ ਲਈ ਟੈੱਸਟ ਕੀਤਾ ਜਾ ਸਕੇ।
     - ਜੇ ਚਮਗਿੱਦੜ ਅੰਦਰ ਹੈ ਤਾਂ ਸਾਰੇ ਦਰਵਾਜ਼ੇ ਬਾਰੀਆਂ ਬੰਦ ਕਰੋ।
     - ਟੋਪੀ, ਚਮੜੇ ਦੇ ਦਸਤਾਨੇ, ਲੰਮੀਆਂ ਬਾਂਹਾਂ ਵਾਲੀ ਜੈਕਟ ਅਤੇ ਪੈਂਟ ਪਾਓ।
     - ਚਮਗਿੱਦੜ ਨੂੰ ਛੂਹੇ ਬਗੈਰ ਚਮਗਿੱਦੜ ਨੂੰ ਢੱਕਣ ਲਈ ਬੂਟਾਂ ਦਾ ਡੱਬਾ, ਕਾਫ਼ੀ ਦਾ ਟਿਨ, ਪਤੀਲਾ ਜਾਂ ਕੋਈ ਇਹੋ ਜਿਹੀ ਚੀਜ਼ ਵਰਤੋ।
     - ਗੱਤੇ ਦੇ ਟੁਕੜੇ ਨੂੰ ਥੱਲੇ ਖਿਸਕਾ ਕੇ ਬਰਤਨ ਦਾ ਮੂੰਹ ਬੰਦ ਕਰੋ।
     - ਢਕੇ ਹੋਏ ਬਰਤਨ ਨੂੰ ਠੰਢੀ ਜਗ੍ਹਾ ਇੱਕ ਪਾਸੇ ਰੱਖੋ ਤਾਂ ਕਿ ਕੋਈ ਇਨਸਾਨ ਜਾਂ ਪਾਲਤੂ ਜੰਤੂ ਇਸ ਦੇ ਸੰਪਰਕ ਵਿਚ ਨਾ ਆਏ।
     - ਚਮਗਿੱਦੜ ਨੂੰ ਮਾਰੋ ਨਾ।
     - ਹੋਰ ਨਿਰਦੇਸ਼ਾਂ ਲਈ ਪਬਲਿਕ ਹੈੱਲਥ ਯੂਨਿਟ ਨੂੰ ਸੰਪਰਕ ਕਰੋ।
     - ਬਰਤਨ ਨੂੰ ਉੱਬਲਦੇ ਪਾਣੀ ਨਾਲ ਸਾਫ਼ ਕਰੋ।
- ਜੇ ਚਮਗਿੱਦੜ ਤੁਹਾਡੇ ਘਰ ਹੈ ਜਾਂ ਕਿਸੇ ਹੋਰ ਬੰਦ ਜਗ੍ਹਾ ਹੈ ਜਿੱਥੇ ਲੋਕ ਵੀ ਜਾਂਦੇ ਹਨ ਤਾਂ ਉਸ ਨੂੰ ਪਕੜਨ ਦੀ ਕੋਸ਼ਿਸ਼ ਨਾ ਕਰੋ।
  1. ਦਰਵਾਜ਼ੇ ਬੰਦ ਕਰ ਦਿਓ ਅਤੇ ਖਿੜਕੀਆਂ ਖੁਲ੍ਹੀਆਂ ਰੱਖੋ ਤਾਂ ਕਿ ਉਹ ਆਪਣੇ ਆਪ ਬਾਹਰ ਉੱਡ ਜਾਏ। ਜਦ ਤੱਕ ਉਹ ਬਾਹਰ ਨਾ ਉੱਡ ਜਾਏ ਕਮਰੇ ਵਿਚੋਂ ਬਾਹਰ ਚਲੇ ਜਾਓ।
  2. ਜੇ ਇਹ ਸੰਭਵ ਨਾ ਹੋਵੇ ਤਾਂ ਜੰਗਲੀ ਜੰਤੂਆਂ ਦੇ ਮਾਹਿਰ ਜਾਂ ਪੈਸਟ ਕੰਟਰੋਲ ਕੰਪਨੀ ਨੂੰ ਸੰਪਰਕ ਕਰੋ ਜੋ ਚਮਗਿੱਦੜ ਪਕੜਨ ਲਈ ਕਿਸੇ ਦਾ ਪ੍ਰਬੰਧ ਕਰਨ।
- ਜੇ ਤੁਹਾਡੇ ਚੁਬਾਰੇ ਵਿਚ ਚਮਗਿੱਦੜ ਹਨ, ਤਾਂ ਵਾਤਾਵਰਨ ਦੀ ਮਨਿਸਟਰੀ (Ministry of Environment) ਦੇ ਨਜ਼ਦੀਕ ਵਾਲੇ ਦਫ਼ਤਰ ਨੂੰ ਸਲਾਹ ਲਈ ਸੰਪਰਕ ਕਰੋ ਜਾਂ ਵੈੱਬਸਾਈਟ www.env.gov.bc.ca/epd/ipmp/publications/brochures/bats.htm ਤੇ ਦੇਖੋ।
- ਜੇ ਤੁਸੀਂ ਇੱਕ ਮਹੀਨੇ ਜਾਂ ਇਸ ਤੋਂ ਜ਼ਿਆਦਾ ਸਮੇਂ ਲਈ ਸਫ਼ਰ ਤੇ ਕਿਸੇ ਵਿਕਾਸਸ਼ੀਲ ਮੁਲਕ ਵਿਚ ਜਾ ਰਹੇ ਹੋ ਜਿੱਥੇ ਜਾਨਵਰਾਂ ਵਿਚ ਰੇਬੀਜ਼ ਆਮ ਹੁੰਦੀ ਹੈ ਤਾਂ ਜਾਣ ਤੋਂ ਪਹਿਲਾਂ ਰੇਬੀਜ਼ ਦਾ ਵੈਕਸੀਨ ਲੈਣ ਬਾਰੇ ਸੋਚੋ। ਟਰੈਵਲ ਕਲੀਨਿਕ ਤੋਂ ਸਲਾਹ ਲਵੋ।
- ਜੇ ਬੀ.ਸੀ. ਤੋਂ ਬਾਹਰ ਤੁਹਾਨੂੰ ਕਿਸੇ ਜਾਨਵਰ ਨੇ ਹਮਲਾ ਕੀਤਾ ਜਾਂ ਕੱਟਿਆ ਹੈ ਤਾਂ ਤੁਹਾਨੂੰ ਰੇਬੀਜ਼ ਦੀ ਰੋਕਥਾਮ ਦੇ ਇਲਾਜ ਲਈ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ, ਭਾਵੇਂ ਕੱਟਿਆਂ ਨੂੰ ਕਿੰਨਾ ਵੀ ਸਮਾਂ ਕਿਉਂ ਨਾ ਹੋ ਗਿਆ ਹੋਵੇ।
- ਜੇ ਤੁਹਾਨੂੰ ਰੇਬੀਜ਼ ਲਈ ਬਾਹਰ ਕਿਸੇ ਮੁਲਕ ਵਿਚ ਟੀਕੇ ਲੱਗਣ ਤਾਂ ਤੁਹਾਨੂੰ ਇਸਤੇਮਾਲ ਕੀਤੀ ਗਈ ਦਵਾਈ ਦੀ ਜਾਣਕਾਰੀ ਇਮਿਊਨ ਗਲੋਬਿਊਲਿਨ ਅਤੇ ਵੈਕਸੀਨ ਦੇ ਲੇਬਲਾਂ ਸਮੇਤ ਲੈ ਲੈਣੀ ਚਾਹੀਦੀ ਹੈ। ਇਹ ਸੁਨਿਸ਼ਚਿਤ ਕਰਨ ਲਈ ਕਿ ਇਹ ਇਲਾਜ ਕਾਫ਼ੀ ਹੈ ਸਾਰੀ ਜਾਣਕਾਰੀ ਬੀ.ਸੀ. ਦੇ ਪਬਲਿਕ ਹੈੱਲਥ ਨਰਸ ਜਾਂ ਡਾਕਟਰ ਨੂੰ ਦਿਓ। ਡਾਕਟਰੀ ਮਦਦ ਲਈ ਕੈਨੇਡਾ ਆਪਣੇ ਘਰ ਵਾਪਸ ਆਉਣ ਬਾਰੇ ਵਿਚਾਰ ਕਰੋ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਨਾਬਾਲਗ ਬੱਚੇ ਇਮਿਊਨਾਈਜ਼ੇਸ਼ਨ ਦੀ ਸਹਿਮਤੀ ਬਾਰੇ ਪਹਿਲਾਂ ਗੱਲਬਾਤ ਕਰ ਲੈਣ। ਇਮਿਊਨਾਈਜ਼ੇਸ਼ਨ ਤੋਂ ਪਹਿਲਾਂ ਮਾਪਿਆਂ/ਸਰਪ੍ਰਸਤਾਂ ਦੀ ਸਹਿਮਤੀ ਲੈਣ ਦਾ ਯਤਨ ਕੀਤਾ ਜਾਂਦਾ ਹੈ। ਪਰ 19 ਸਾਲ ਤੋਂ ਘੱਟ ਉਮਰ ਦੇ ਬੱਚੇ ਜੋ ਹਰ ਵੈਕਸੀਨ ਦੇ ਫ਼ਾਇਦਿਆਂ ਅਤੇ ਸੰਭਵ ਪ੍ਰਤੀਕਰਮਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਾਉਣ ਦੇ ਖ਼ਤਰਿਆਂ ਨੂੰ ਸਮਝਣ ਦੇ ਯੋਗ ਹੋਣ ਉਹ ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਬਾਰੇ ਆਪਣੀ ਸਹਿਮਤੀ ਦੇ ਸਕਦੇ ਹਨ ਜਾਂ ਇਨਕਾਰ ਕਰ ਸਕਦੇ ਹਨ।

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca ’ਤੇ ਕਲਿੱਕ ਕਰੋ ਜਾਂ **8-1-1** ’ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ **7-1-1** ’ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ ’ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।

BRITISH COLUMBIA ImmunizeBC
BC Centre for Disease Control
AN AGENCY OF THE PROVINCIAL HEALTH SERVICES AUTHORITY